# ਵਰਲਡ ਪੰਜਾਬੀ ਟਾਈਮਜ਼

WORLD PUNJABI TIMES

A Punjabi News Protal & Epaper From Winnipeg, Canada

Visit us at : www.worldpunjabitimes.com

Mob: 7973333573, +1 (418) 887-0162

Epaper World Punjabi Times | 14 ਸਤੰਬਰ 2025 ਦਿਨ ਐਤਵਾਰ | ਈ-ਪੇਪਰ ਵਰਲਡ ਪੰਜਾਬੀ ਟਾਈਮਜ਼


## 'ਕੂੜ ਨਾ ਪਹੁੰਚੇ ਸੱਚ ਨੂੰ' ਪੁਸਤਕ ਲੋਕ ਅਰਪਨ

ਵਰਲਡ ਪੰਜਾਬੀ ਟਾਈਮਜ਼

ਪਟਿਆਲਾ : 14 ਸਤੰਬਰ : ਡਾ.ਗੁਰਸ਼ਰਨ ਕੌਰ ਜੱਗੀ ਸਾਬਕਾ ਰਜਿਸਟਰਾਰ ਪੰਜਾਬੀ ਯੂਨੀਵਰਸਿਟੀ ਪਟਿਆਲਾ ਅਤੇ ਪ੍ਰਿੰਸੀਪਲ ਗਰਲਜ਼ ਕਾਲਜ ਪਟਿਆਲਾ ਨੇ ਇੱਕ ਸਮਾਗਮ ਵਿੱਚ ਭਾਈ ਜੈਤੇਗ ਸਿੰਘ ਅਨੰਤ ਵੱਲੋਂ ਸੰਪਾਦਿਤ ਕੀਤੀ 'ਕੂੜ ਨ ਪਹੁੰਚੇ ਸੱਚ ਨੂੰ' ਪੰਜਾਬੀ ਤੇ ਅੰਗਰੇਜ਼ੀ ਦੀ ਦੋਭਾਸ਼ੀ ਪੁਸਤਕ ਲੋਕ ਅਰਪਨ ਕੀਤੀ। ਇਸ ਮੌਕੇ 'ਤੇ ਆਪਣੇ ਵਿਚਾਰ ਪ੍ਰਗਟ ਕਰਦਿਆਂ ਉਨ੍ਹਾਂ ਕਿਹਾ ਕਿ ਇਹ ਪੁਸਤਕ ਰਾਗਮਾਲਾ ਬਾਰੇ ਸਾਰੇ ਭਰਮ ਭੁਲੇਖੇ ਦੂਰ ਕਰਨ ਦਾ ਉਪਰਾਲਾ ਹੈ। ਉਨ੍ਹਾਂ ਅੱਗੋਂ ਕਿਹਾ ਕਿ 'ਕੂੜ ਨਾ ਪਹੁੰਚੇ ਸੱਚ ਨੂੰ' ਪੁਸਤਕ ਗਿਆਨੀ ਗੁਰਦਿਤ ਸਿੰਘ ਦੀ ਖੋਜ ਦਾ ਤੱਥਾਂ ਸਹਿਤ ਸਮਰਥਨ ਕਰਦੀ ਹੈ। ਇਸ ਪੁਸਤਕ



ਵਿੱਚ 27 ਪੰਜਾਬੀ ਅਤੇ ਅੰਗਰੇਜ਼ੀ ਦੇ ਵਿਦਵਾਨ ਜਿਨ੍ਹਾਂ ਵਿੱਚ ਮੁੱਖ ਤੌਰ 'ਤੇ ਡਾ.ਰਤਨ ਸਿੰਘ ਜੱਗੀ, ਪ੍ਰੋ.ਪਿਆਰਾ ਸਿੰਘ ਪਦਮ, ਪ੍ਰੋ.ਪ੍ਰੀਤਮ ਸਿੰਘ, ਡਾ.ਮਾਨ ਸਿੰਘ ਨਿਰੰਕਾਰੀ, ਡਾ.ਤਰਲੋਚਨ ਸਿੰਘ ਤਰਸੀ, ਡਾ.ਗੁਰਦੇਵ ਸਿੰਘ, ਡਾ.ਹਰਿੰਦਰ ਸਿੰਘ, ਡਾ.ਪੂਰਨ ਸਿੰਘ, ਭਾਈ ਮੋਹਨ ਸਿੰਘ ਗਾਰਡ, ਨਿਰੰਜਨ ਸਿੰਘ ਸਾਥੀ, ਬੀਬੀ ਹਰਬੰਸ ਕੌਰ ਅਤੇ ਜੁਝਾਰ ਸਿੰਘ ਵੱਲੋਂ ਲਿਖੇ ਲੇਖ ਤੱਥਾਂ ਸਮੇਤ ਸ਼ਾਮਲ ਕੀਤੇ ਗਏ ਹਨ। ਇਹ ਪੁਸਤਕ ਭਾਈ ਸਾਹਿਬ ਭਾਈ ਰਣਧੀਰ ਟਰੱਸਟ ਯੂ.ਕੇ.ਵੱਲੋਂ ਪ੍ਰਕਾਸ਼ਤ ਕੀਤੀ ਗਈ ਹੈ। ਇਸ ਮੌਕੇ ਤੇ ਪਰਿਚਰਚਾ ਵਿੱਚ ਪ੍ਰਿੰਸੀਪਲ ਡਾ.ਐਸ.ਐਸ.ਰੇਖੀ, ਪ੍ਰੋ.ਹਰਿੰਦਰ ਕੌਰ, ਦਲਜੀਤ ਸਿੰਘ ਸਾਬਕਾ ਆਈ.ਜੀ. ਸੀ.ਆਰ.ਪੀ.ਐਫ਼ ਅਤੇ ਹਰਪਾਲ ਕੌਰ ਨੇ ਹਿੱਸਾ ਲਿਆ। ਇਸ ਸਮਾਗਮ ਵਿੱਚ ਹਰਿਦਰਸ਼ਨ ਮੈਮੋਰੀਅਲ ਇੰਟਰਨੈਸ਼ਨਲ ਟਰੱਸਟ ਕੈਨੇਡਾ ਦੇ ਪੰਜਾਬ ਚੈਪਟਰ ਦੇ ਇਨਚਾਰਜ ਸਾਬਕਾ ਜ਼ਿਲ੍ਹਾ ਲੋਕ ਸੰਪਰਕ ਅਧਿਕਾਰੀ ਉਜਾਗਰ ਸਿੰਘ ਅਤੇ ਜੋਤਿੰਦਰ ਸਿੰਘ ਸਾਬਕਾ ਇੰਜਿਨੀਅਰ ਇਨ ਚੀਫ਼ ਨੇ ਆਏ ਮਹਿਮਾਨਾਂ ਦਾ ਕਰਮਵਾਰ ਸਵਾਗਤ ਅਤੇ ਧੰਨਵਾਦ ਕੀਤਾ। ਇਹ ਪੁਸਤਕ ਡਾ.ਰਤਨ ਸਿੰਘ ਜੱਗੀ ਨੇ ਲੋਕ ਅਰਪਨ ਕਰਨੀ ਸੀ, ਪ੍ਰੰਤੂ ਉਨ੍ਹਾਂ ਦੇ ਅਚਾਨਕ ਸਵਰਗਵਾਸ ਹੋਣ ਕਰਕੇ ਸੰਭਵ ਨਹੀਂ ਹੋਇਆ। ਇਸ ਕਰਕੇ ਇਹ ਪੁਸਤਕ ਉਨ੍ਹਾਂ ਦੇ ਗ੍ਰਹਿ ਅਰਬਨ ਅਸਟੇਟ ਪਟਿਆਲਾ ਵਿਖੇ ਲੋਕ ਅਰਪਨ ਕੀਤੀ ਗਈ ਹੈ।

ਤਸਵੀਰ; ਡਾ.ਹਰਸ਼ਰਨ ਕੌਰ ਜੱਗੀ ਪੁਸਤਕ ਲੋਕ ਅਰਪਨ ਕਰਦੇ ਹੋਏ। ਉਨ੍ਹਾਂ ਪ੍ਰਿੰਸੀਪਲ ਡਾ.ਐਸ.ਐਸ.ਰੇਖੀ, ਉਜਾਗਰ ਸਿੰਘ ਤੇ ਹੋਰ ਵਿਦਵਾਨ ਖੜ੍ਹੇ ਹਨ।

## ਬਾਬਾ ਫ਼ਰੀਦ ਜੀ ਦੇ ਆਗਮਨ ਪੁਰਬ 2025 ਨੂੰ ਸਮਰਪਿਤ ਮੇਲੇ ਦੀ ਸ਼ੁਰੂਆਤ ਤੇ ਵਿਸ਼ਾਲ ਖ਼ੂਨਦਾਨ ਕੈਂਪ ਦੌਰਾਨ ਇੱਕਤਰ ਕੀਤੇ 405 ਬਲੱਡ ਯੂਨਿਟ :- ਪ੍ਰਧਾਨ ਰਾਜਵੀਰ ਗੋਲੇਵਾਲਾ

ਵਰਲਡ ਪੰਜਾਬੀ ਟਾਈਮਜ਼




ਫ਼ਰੀਦਕੋਟ 14 ਸਤੰਬਰ : ਬਾਬਾ ਫ਼ਰੀਦ ਜੀ ਆਗਮਨ ਪੁਰਬ ਨੂੰ ਸਮਰਪਿਤ ਹਰ ਸਾਲ ਇਸ ਸਾਲ ਵੀ ਬਾਬਾ ਫ਼ਰੀਦ ਜੀ ਬਲੱਡ ਸੇਵਾ ਸੁਸਾਇਟੀ (ਰਜਿ) ਫ਼ਰੀਦਕੋਟ ਵੱਲੋ ਟਿੱਲਾ ਬਾਬਾ ਫ਼ਰੀਦ ਜੀ ਦੇ ਉਪਰਲੇ ਹਾਲ ਵਿਚ ਵਿਸ਼ਾਲ ਖ਼ੂਨਦਾਨ ਕੈਂਪ , ਬਾਬਾ ਫ਼ਰੀਦ ਜੀ ਧਾਰਮਿਕ ਤੇ ਵਿਦਿਅਕ ਸੰਸਥਾਵਾਂ ਮਹਿਰੂਮ ਸੰਸਥਾਪਕ ਸ.ਇੰਦਰਜੀਤ ਸਿੰਘ ਖਾਲਸਾ ਦੇ ਪੁੱਤਰ ਚੇਅਰਮੈਨ ਸਰਦਾਰ ਸਿਮਰਨਜੀਤ ਸਿੰਘ ਸੇਖੋ , ਸਮੂਹ ਕਮੇਟੀ ਦੇ ਪ੍ਰਧਾਨ ਗੁਰਜਾਪ ਸਿੰਘ ਸੇਖੋ, ਸਕੱਤਰ ਸੁਰਿੰਦਰ ਸਿੰਘ ਰੋਮਾਣਾ,ਕੇਮਟੀ ਮੈਂਬਰ, ਡਿੰਪੀ ਸੇਖੋਂ, ਡਾ ਗੁਰਿੰਦਰ ਮੋਹਨ ਸਿੰਘ ਤੇ ਟਿੱਲਾ ਬਾਬਾ ਫ਼ਰੀਦ ਜੀ ਮੇਨੈਜਰ ਨਿਸ਼ਾਨ ਸਿੰਘ ਆਦਿ ਦੇ ਸਹਿਯੋਗ ਨਾਲ ਲਗਾਇਆਂ ਗਿਆਂ। ਇਹ ਜਾਣਕਾਰੀ ਸੁਸਾਇਟੀ ਦੇ ਪ੍ਰੈਸ ਸਕੱਤਰ ਸ਼ਿਵਨਾਥ ਦਰਦੀ ਨੇ ਸਾਂਝੀ ਕਰਦਿਆਂ ਦੱਸਿਆ ਕਿ ਕੈਂਪ ਦੌਰਾਨ ਫ਼ਰੀਦਕੋਟ ਦੇ ਹਲਕਾ ਵਿਧਾਇਕ ਗੁਰਦਿੱਤ ਸਿੰਘ, ਮਾਰਕੀਟ ਕਮੇਟੀ



ਫ਼ਰੀਦਕੋਟ ਦੇ ਚੇਅਰਮੈਨ ਬਾਬਾ ਅਮਨਦੀਪ ਸਿੰਘ, ਯੋਜਨਾ ਬੋਰਡ ਦੇ ਚੇਅਰਮੈਨ ਗੁਰਤੇਜ ਸਿੰਘ ਖੋਸਾ, ਗੁਰਪ੍ਰੀਤ ਸਿੰਘ ਸੇਖੋਂ ਮੁਦਕੀ ਲੱਕੀ ਬੇਗੂ ਵਾਲਾ, ਰਬਦੀਪ ਘੋਨੀਵਾਲਾ, ਕਾਂਗਰਸ ਯੂਥ ਪ੍ਰਧਾਨ ਸੁਖਚੈਨ ਸਿੰਘ, ਅਕਾਲੀ ਦਲ ਦੇ ਆਗੂ ਕੁਲਤਾਰ ਸਿੰਘ ਸੰਧਵਾਂ ਗੁਰਦੁਆਰਾ ਕਮੇਟੀ ਗੋਲੇਵਾਲਾ, ਕੁਲਵੰਤ ਸਿੰਘ, ਗੁਰਚਰਨ ਸਿੰਘ, ਬਾਬਾ ਜੰਡ ਸਾਹਿਬ ਹਰਭਜਨ ਸਿੰਘ ਜੀ, ਬਾਬਾ ਸੁੰਦਰ ਦਾਸ ਜੀ , ਬਾਬਾ ਗੁਰਦੀਪ ਸਿੰਘ ਜੀ ਚੰਦਪੁਰਾਣਾ, ਬਾਬਾ ਕਾਰ ਸੇਵਾ ਬਜੀਦਪੁਰ,ਪੰਜਗਰਾਈਂ,ਬਾਬਾ ਬੋਰੀ ਵਾਲੇ ਮਹਾਂਪੁਰਖ, ਬਾਬਾ ਦੇਵੀ ਵਾਲੇ , ਨਾਨਕਸਰ ਠਾਠ ਬਾਬਾ ਜੀ, ਤੂਤਾ ਵਾਲੇ ਗ: ਛਪੜੀ ਸਹਿਬ , ਬਾਬਾ ਹਰਪ੍ਰੀਤ ਸਿੰਘ ਗੋਲੇਵਾਲਾ, ਬਾਬਾ ਮਨਪ੍ਰੀਤ ਸਿੰਘ ਜੀ, ਰਿੰਕੂ ਸਮਾਧਾਂ ਵਾਲੇ, ਘੱਨਈਆ ਸੋਸਾਇਟੀ ਫ਼ਰੀਦਕੋਟ ਸੁਖਵਿੰਦਰ ਸਿੰਘ , ਸਾਂਝ ਬਲੱਡ ਕਲੱਬ ਫ਼ਰੀਦਕੋਟ ਰਾਜਨ, ਫਤਿਹ ਕਿਸਾਨ ਯੂਨੀਅਨ ਪੰਜਾਬ ਪ੍ਰਧਾਨ ਸ਼ਰਨਜੀਤ ਸਿੰਘ,ਜਸਵਿੰਦਰ ਸਿੰਘ ਢਿੱਲੋ ਮੈਮੋਰੀਅਲ ਵੈਲਫੇਅਰ ਸੁਸਾਇਟੀ (ਰਜਿ) ਫ਼ਰੀਦਕੋਟ, ਗੁਰਜੀਤ ਹੈਰੀ ਢਿੱਲੋਂ ,ਕਰ ਭਲਾ ਕਲੱਬ ਫ਼ਰੀਦਕੋਟ , ਮਾਤਾ ਖੀਵੀ ਜੀ ਲੰਗਰ ਦੇ ਪ੍ਰਧਾਨ ਕੈਪਟਨ ਧਰਮ ਸਿੰਘ ਗਿੱਲ, ਪੰਜਾਬ ਪ੍ਰਧਾਨ ਕਾਦੀਆਂ ਗੁਰਮੀਤ ਸਿੰਘ ਗੋਲੇਵਾਲਾ , ਡਾ ਬਲਜੀਤ ਸ਼ਰਮਾ ਗੋਲੇਵਾਲਾ , ਸਹਾਰਾ ਸਰਵਿਸ ਸੁਸਾਇਟੀ ਦੇ ਪ੍ਰਧਾਨ ਅਸੋਕ ਭਟਨਾਗਰ, ਕ੍ਰਿਸ਼ਨਾਵੰਤੀ ਸੇਵਾ ਸੁਸਾਇਟੀ (ਰਜਿ) ਫ਼ਰੀਦਕੋਟ ਦੇ ਪ੍ਰਧਾਨ ਸਾਬਕਾ ਪ੍ਰਿੰਸਪੀਲ ਸੁਰੇਸ਼ ਅਰੋੜਾ ,ਰਾਗੀ ਰਾਜਦੀਪ ਸਿੰਘ ਟਿੱਲਾ ਬਾਬਾ ਫ਼ਰੀਦ ਜੀ, ਗ੍ਰੰਥੀ ਸਿੰਘ ਬਾਬਾ ਬਲਰਾਜ ਸਿੰਘ ਜੀ, ਬਾਬਾ ਕਾਲਾ ਸਿੰਘ ਜੀ, ਬਾਬਾ ਅਜੀਤ ਸਿੰਘ ਜੀ,ਮਾਲੀ ਲਾਗਰੀ, ਡਾ, ਗਿੱਲ ਗੋਲੇਵਾਲਾ, ਪ੍ਰੋਫੈਸਰ ਹਮਸੂ, ਪ੍ਰੋਫੈਸਰ ਹਰਜਿੰਦਰ ਸਿੰਘ ਸਰਕਾਰੀ ਬ੍ਰਜਿੰਦਰਾ ਕਾਲਜ ਫ਼ਰੀਦਕੋਟ ।

ਇਸ ਤੋ ਇਲਾਵਾ ਸੀਨੀਅਰ ਮੀਤ ਪ੍ਰਧਾਨ ਗੁਰਦੇਵ ਸਿੰਘ, ਸਕੱਤਰ ਸੁਖਵੀਰ ਸਿੰਘ ਰੱਤੀ ਰੋੜੀ, ਸਲਾਹਕਾਰ ਗੁਰਸੇਵਕ ਸਿੰਘ ਥਾੜ੍ਹਾ , ਸਤਨਾਮ ਸਿੰਘ ਖਜਾਨਚੀ ,ਸਹਾਇਕ ਪ੍ਰੈਸ ਸਕੱਤਰ ਵਿਸ਼ਾਲ, ਸਾਬਕਾ ਪ੍ਰਿੰਸਪੀਲ ਡਾਂ.ਪਰਮਿੰਦਰ ਸਿੰਘ ਸਰਕਾਰੀ ਬ੍ਰਜਿੰਦਰਾ ਕਾਲਜ, ਪ੍ਰਫੈਸਰ ਭੁਪਿੰਦਰ ਸਿੰਘ, ਸਤਨਾਮ, ਡਾ ਦਲਜੀਤ ਸਿੰਘ ਡੱਲੇਵਾਲ,ਮਨੇਜਰ ਜੱਸੀ ਥਾੜ੍ਹਾ, ਅਮਨ ਨੌਂ ਕਿਲਾ,ਜਸਕਰਨ ਫਿੰਡੇ, ਸਾਗਰ,ਬਿੱਲਾ,ਪਾਲਾ ਰੋਮਾਣਾ, , ਸੀਨੀਅਰ ਸਲਾਹਕਾਰ ਕਾਕਾ ਖ਼ਾਰਾਂ , ਡਾ ਭਲਿੰਦਰ ਸਿੰਘ , ਸਟੋਕ ਮਨੇਜਰ ਸਵਰਾਜ ਸਿੰਘ,ਅਰਸ਼ ਕੋਠੇ ਧਾਲੀਵਾਲ, ਮਨਪ੍ਰੀਤ ਸੰਧੂ, ਵਿੱਕੀ ਗਿੱਲ,ਕਾਕਾ ਘੁਗਿਆਣਾ, ਰਣਜੀਤ ਗੋਲੇਵਾਲਾ, ਦੀਪ,ਸੁਖਚੈਨ ਕਾਬਲ ਵਾਲਾ, ਹਰਜੀਤ ਮਾਸਟਰ ਢਿੱਮਾਵਾਲੀ, ਹਰਪ੍ਰੀਤ ਢਿਲਵਾਂ,ਸਹਿਲ,ਕਾਕਾ ਘੁਗਿਆਣਾ,ਕਾਲ੍ਹਾ ਡੋਡ ਗੁਰਨੂਰ ਸਿੰਘ, ਅਰਮਾਨ ਸਿੰਘ,ਕਰਨ ਸਿੰਘ, ਗੁਰਦੋਰ ਦਾਨਾ ਰੋਮਾਣਾ, ਕੁਲਵੰਤ ਸਿੰਘ, ਹਰਮਨ,ਔਲਖ, ਹੈਰੀ, ਆਕਾਸ਼ਦੀਪ, ਬਿੰਦਰ ਮਿਸ਼ਰੀ ਵਾਲਾ, ਤਜਿੰਦਰ ਸੁੱਖਣਵਾਲਾ, ਅਰਸ਼ ਗੋਲੇਵਾਲਾ, ਪਾਰਸ, ਮਿਤੀ , ਸੁੱਖਾ ਮਨਤਾਰ ਆਪਣੀ ਆਪਣੀ ਹਾਜ਼ਰੀ ਲਵਾਈ ।

ਗੁਰੂ ਗੋਬਿੰਦ ਸਿੰਘ ਮੈਡੀਕਲ ਹਸਪਤਾਲ ਦੀ ਬਲੱਡ ਬੈਂਕ ਟੀਮ , ਫ਼ਰੀਦਕੋਟ, ਸਿਵਲ ਹਸਪਤਾਲ ਫ਼ਰੀਦਕੋਟ ਤੇ ਸਿਵਲ ਹਸਪਤਾਲ ਸ੍ਰੀ ਮੁਕਤਸਰ ਸਾਹਿਬ ਦੇ ਬਲੱਡ ਬੈਂਕ ਦੀ ਟੀਮ ਬਲੱਡ ਯੂਨਿਟ ਇਕੱਤਰ ਕੀਤੇ। ਆਖਿਰ ਵਿਚ ਸੁਸਾਇਟੀ ਪ੍ਰਧਾਨ ਰਾਜਵੀਰ ਸਿੰਘ ਗੋਲੇਵਾਲਾ ਜੀ ਨੇ ਸਭ ਦਾ ਧੰਨਵਾਦ ਕੀਤਾ।

## ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਵੱਲੋਂ ਰੋਇਲ ਬੁਟੀਕ ਜ਼ਿਲਾ ਬਰਨਾਲਾ ਵਿਖੇ 7ਵਾਂ ਸਿਖਲਾਈ ਸਿਲਾਈ ਕੈਂਪ ਦਾ ਉਦਘਾਟਨ ਕੀਤਾ ਗਿਆ

ਵਰਲਡ ਪੰਜਾਬੀ ਟਾਈਮਜ਼
ਰਸ਼ਪਿੰਦਰ ਕੌਰ ਗਿੱਲ




ਬਰਨਾਲਾ -14 ਸਤੰਬਰ :ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਔਰਤਾਂ ਨੂੰ ਸਮਾਜਿਕ ਅਤੇ ਆਰਥਿਕ ਪੱਧਰ ਉੱਤੇ ਮਜ਼ਬੂਤ ਕਰਨ ਲਈ ਪੰਜਾਬ ਦੇ ਹਰ ਜ਼ਿਲ੍ਹੇ ਵਿੱਚ ਤਿੰਨ ਮਹੀਨੇ ਦੇ ਸਿਖਲਾਈ ਕੈਂਪਾਂ ਦੀ ਮੁਹਿੰਮ ਚਲਾ ਰਿਹਾ ਹੈ। ਇਸੇ ਤਹਿਤ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਰ ਵੱਲੋਂ ਰੋਇਲ ਬੁਟੀਕ ਜ਼ਿਲਾ ਬਰਨਾਲਾ ਵਿਖੇ ਸਿਲਾਈ ਕੈਂਪ ਦੀ ਕੀਤੀ ਗਈ ਸ਼ੁਰੂਆਤ। ਇਸ ਕੈਂਪ ਦੀ ਟ੍ਰੇਨਰ ਬੀਬੀ ਲਵਪ੍ਰੀਤ ਕੌਰ ਜੀ ਅਤੇ ਬੀਬੀ ਰਵੀਜੋਤ ਕੌਰ ਜੀ ਹਨ। ਇਸ ਕੈਂਪ ਦੇ ਉਦਘਾਟਨ ਸਮੇਂ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਦੀ ਬਰਨਾਲਾ ਦੀ ਜਥੇਬੰਦੀ ਦੇ ਬੀਬੀ ਭੁਪਿੰਦਰਜੀਤ ਕੌਰ ਬਿਰਦੀ ਜੀ ਜੱਥੇਬੰਦਕ ਸਕੱਤਰ ਇਸਤਰੀ ਵਿੰਗ ਜ਼ਿਲਾ ਬਰਨਾਲਾ, ਸ. ਦਰਸ਼ਨ ਸਿੰਘ ਮੰਡੇਰ ਜੀ ਪ੍ਰਧਾਨ ਜ਼ਿਲਾ ਬਰਨਾਲਾ, ਅਵਤਾਰ ਸਿੰਘ ਜੀ ਪ੍ਰਧਾਨ ਮੁਲਾਜ਼ਮ ਵਿੰਗ ਜ਼ਿਲਾ ਬਰਨਾਲਾ, ਬੀਬੀ ਸੁਰਿੰਦਰ ਕੌਰ ਜਿਲਾ ਪ੍ਰਧਾਨ ਇਸਤਰੀ ਵਿੰਗ, ਡਾ. ਜਗਰੂਪ ਸਿੰਘ ਜੀ, ਸਿਮਰਤ ਸਿੰਘ ਜੀ, ਮੌਜੂਦ ਸਨ। ਪਾਰਟੀ ਦੇ ਆਗੂਆਂ ਨੇ ਸਿਖਲਾਈ ਲੈਣ ਆਈਆਂ ਬੱਚੀਆਂ ਨੂੰ ਹੱਥੀਂ ਕੰਮ ਸਿੱਖ ਕੇ ਆਪਣੇ ਆਪ ਨੂੰ ਮਾਨਸਿਕ ਅਤੇ ਆਰਥਿਕ ਪੱਖੋਂ ਮਜ਼ਬੂਤ ਹੋਣ ਲਈ ਪ੍ਰੇਰਿਤ ਕੀਤਾ। ਇੰਨਾਂ ਸਿਖਲਾਈ ਕੈਂਪਾਂ ਰਾਹੀਂ ਤਿੰਨ ਮਹੀਨੇ ਸਿਲਾਈ ਅਤੇ ਕਢਾਈ ਦੀ ਸਿਖਲਾਈ ਦਿੱਤੀ ਜਾਏਗੀ। ਤਿੰਨ ਮਹੀਨੇ ਦੇ ਇਸ ਕੈਂਪ ਦੇ ਅੰਤ ਉੱਤੇ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਵੱਲੋਂ ਤਿੰਨ ਮਹੀਨੇ ਦਾ ਕੋਰਸ ਕਰਣ ਵਾਲੀਆਂ ਬੀਬੀਆਂ ਨੂੰ ਅਤੇ ਕੈਂਪ ਚਲਾਉਣ ਵਾਲੀ ਬੀਬੀਆਂ ਨੂੰ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਵੱਲੋਂ certificate ਵੀ ਦਿੱਤਾ ਜਾਏਗਾ। ਇਸ ਕੈਂਪ ਵਿੱਚ ਸਿਖਲਾਈ ਕੈਂਪ ਲਗਾਉਣ ਪਹੁੰਚੀਆਂ ਬੱਚੀਆਂ ਜਸਜੋਤ ਕੌਰ, ਜਸ਼ਨਪ੍ਰੀਤ ਕੌਰ, ਨੀਤੂ, ਸ਼ਿਵਾਨੀ ਮਹਿਰਾ, ਸਿਮਰਨ ਕੌਰ, ਹਰਪ੍ਰੀਤ ਕੌਰ, ਲਵਾਇਨਾ, ਬਿੰਦਰ ਕੌਰ ਸਨ। ਪਾਰਟੀ ਵੱਲੋਂ ਲਗਾਏ ਜਾ ਰਹੇ ਇੰਨਾਂ ਸਾਰੇ ਕੈਂਪਾਂ ਦੀ ਜ਼ਿੰਮੇਵਾਰੀ ਰਸ਼ਪਿੰਦਰ ਕੌਰ ਗਿੱਲ ਜਨਰਲ ਸਕੱਤਰ ਪੰਜਾਬ ਇਸਤਰੀ ਵਿੰਗ ਦੀ ਰਹੇਗੀ। ਸਿਖਲਾਈ ਕੈਂਪਾਂ ਬਾਰੇ ਵਧੇਰੇ ਜਾਣਕਾਰੀ ਲਈ ਰਸ਼ਪਿੰਦਰ ਕੌਰ ਗਿੱਲ ਜੀ ਨਾਲ +91-9888697078 -ਸੰਪਰਕ ਕੀਤਾ ਜਾ ਸਕਦਾ ਹੈ।



## ਸਰਕਾਰੀ ਕੰਨਿਆ ਸੀਨੀਅਰ ਸੈਕੰਡਰੀ ਸਕੂਲ ਫਰੀਦਕੋਟ ਦੀਆਂ ਕੁਸ਼ਤੀ ਖਿਡਾਰਨਾਂ ਨੇ ਜਿਲ੍ਹਾ ਪੱਧਰੀ ਸਕੂਲ ਖੇਡ ਮੁਕਾਬਲਿਆਂ ਅੰਡਰ-14,ਅੰਡਰ-17 ਅਤੇ ਅੰਡਰ-19 ਸਾਲ ਉੱਮਰ ਵਰਗਾਂ ਚ ਪਹਿਲਾ ਸਥਾਨ ਪ੍ਰਾਪਤ ਕੀਤਾ।

ਵਰਲਡ ਪੰਜਾਬੀ ਟਾਈਮਜ਼
ਗੁਰਨਾਮ ਸਿੰਘ



ਫਰੀਦਕੋਟ, 14 ਸਤੰਬਰ : ਆਪਣੀ ਬਾਰ੍ਹਾਂ ਸਾਲਾਂ ਦੀ ਪਿਰਤ ਨੂੰ ਕਾਇਮ ਰੱਖਦਿਆਂ ਹੋਇਆਂ ਇਸ ਸਾਲ ਵੀਸਰਕਾਰੀ ਕੰਨਿਆ ਸੀਨੀਅਰ ਸੈਕੰਡਰੀ ਸਕੂਲ ਫਰੀਦਕੋਟ ਦੀਆਂ ਕੁਸ਼ਤੀ ਖਿਡਾਰਨਾਂ ਨੇ ਜਿਲ੍ਹਾ ਪੱਧਰੀ ਸਕੂਲ ਖੇਡ ਮੁਕਾਬਲਿਆਂ ਅੰਡਰ-14,ਅੰਡਰ-17 ਅਤੇ ਅੰਡਰ-19 ਸਾਲ ਉੱਮਰ ਵਰਗਾਂ ਚ ਪਹਿਲਾ ਸਥਾਨ ਪ੍ਰਾਪਤ ਕਰਕੇ ਆਪਣੇ ਸਕੂਲ ਅਤੇ ਮਾਪਿਆਂ ਦਾ ਦਾ ਨਾਮ ਰੌਸ਼ਨ ਕੀਤਾ। ਮੁਕਾਬਲਿਆਂ ਦੀ ਸ਼ੁਰੂਆਤ ਨੀਲਮ ਰਾਣੀ ਜਿਲ੍ਹਾ ਸਿੱਖਿਆ ਅਫ਼ਸਰ ਸੈਕੰਡਰੀ ਫਰੀਦਕੋਟ ਦੁਆਰਾ ਕਰਵਾਈ ਗਈ। ਕੁਸ਼ਤੀਆਂ ਦੇ ਮੁਕਾਬਲੇ ਸਰਕਾਰੀ ਕੰਨਿਆ ਸੀਨੀਅਰ ਸੈਕੰਡਰੀ ਸਕੂਲ ਫਰੀਦਕੋਟ ਵਿਖੇ ਜ਼ਿਲਾ ਖੇਡ ਕੋਆਰਡੀਨੇਟਰ ਸਿੱਖਿਆ ਵਿਭਾਗ ਸ੍ਰੀਮਤੀ ਕੇਵਲ ਕੌਰ ਦੀ ਯੋਗ ਅਗਵਾਈ ਹੇਠ ਕਰਵਾਏ ਗਏ। ਸ੍ਰੀਮਤੀ ਨੀਲਮ ਰਾਣੀ ਜਿਲ੍ਹਾ ਸਿੱਖਿਆ ਅਫਸਰ ਸੈਕੰਡਰੀ ਨੇ ਟੂਰਨਾਮੈਂਟ ਦੀ ਓਪਨਿੰਗ ਕੀਤੀ ।ਇਸ ਸਮੇਂ ਸਕੂਲ ਪ੍ਰਿੰਸੀਪਲ ਭੁਪਿੰਦਰ ਸਿੰਘ ਬਰਾੜ,ਡਾ.ਸੁਰਿੰਦਰ ਸਿੰਘ ਅਤੇ ਖੁਸ਼ਵਿੰਦਰ ਸਿੰਘ ਕੁਸ਼ਤੀ ਕੋਚ ਸ਼ਾਮਲ ਸਨ।

ਜਿਲ੍ਹਾ ਸਿੱਖਿਆ ਅਫਸਰ ਸੈਕੰਡਰੀ ਸ੍ਰੀਮਤੀ ਨੀਲਮ ਰਾਣੀ ਨੇ ਬੱਚਿਆਂ ਨੂੰ ਖੇਡਾਂ ਚ ਵੱਧ ਚੜ੍ਹ ਕੇ ਹਿੱਸਾ ਲੈਣ ਲਈ ਪ੍ਰੇਰਿਤ ਕੀਤਾ।ਇਸ ਸਮੇਂ ਉਹਨਾਂ ਨੇ ਇਸ ਸਕੂਲ ਤੋਂ ਹੀ ਖੇਡ ਜੀਵਨ ਦੀ ਸ਼ੁਰੂਆਤ ਕਰ ਕੇ ਖੇਡ ਵਿਭਾਗ ਵਿੱਚ ਬਤੌਰ ਕੁਸ਼ਤੀ ਕੋਚ ਨੌਕਰੀ ਹਾਸਲ ਕਰਨ ਵਾਲੀਆਂ ਗੁਰਸ਼ਰਨ ਕੌਰ ਅਤੇ ਮਨਪ੍ਰੀਤ ਕੌਰ ਨੂੰ ਵੀ ਮੁਬਾਰਕਬਾਦ ਦਿੱਤੀ ਗਈ ।ਇਸ ਟੂਰਨਾਮੈਂਟ ਦੇ ਅੰਤ ਚ ਖਿਡਾਰੀਆਂ ਨੂੰ ਲੈਕ. ਰਵਿੰਦਰ ਕੌਰ, ਸਰਬਜੀਤ ਕੌਰ,ਪ੍ਰਵੀਨ ਕੌਰ,ਰਣਜੋਤ ਕੌਰ, ਪਾਇਲ ਸਿੰਗਲਾ,ਰਜਵੰਤ ਕੌਰ ਸ੍ਰੀਮਤੀਅਮਿਤਾ, ਸੁਰਿੰਦਰ ਸਚਦੇਵਾ.ਸਤੇਸ਼ ਭੂੰਦੜ ਅਤੇ ਬਰਜਿੰਦਰ ਸਿੰਘ ਪੋਪਲ ਵੱਲੋਂ ਮੈਡਲਾਂ ਨਾਲ ਸਨਮਾਨਿਤ ਕੀਤਾ ਗਿਆ।ਇਸ ਕੁਸ਼ਤੀਆਂ ਦੇ ਟੂਰਨਾਮੈਂਟ ਨੂੰ ਨੇਪਰੇ ਚਾੜਨ ਲਈ ਬਤੌਰ ਚੇਅਰਮੈਨ ਡਾ.ਸੁਰਿੰਦਰ ਸਿੰਘ, ਕਨਵੀਨਰ ਖੁਸ਼ਵਿੰਦਰ ਸਿੰਘ ਕੁਸ਼ਤੀ ਕੋਚ, ਬਤੌਰ ਆਫੀਸ਼ਲ ਗੁਰਸ਼ਰਨ ਕੌਰ ਕੁਸ਼ਤੀ ਕੋਚ,ਮਨਪ੍ਰੀਤ ਕੌਰ ਕੁਸ਼ਤੀ ਕੋਚ ਅਤੇ ਦਲਜੀਤ ਕੌਰ ਕੁਸ਼ਤੀ ਕੋਚ ਵੱਲੋਂ ਸੇਵਾ ਨਿਭਾਈ ਗਈ। ਇਸ ਮੌਕੇ ਹਰਲੀਨ ਕੌਰ ਡੀ.ਈ.ਓ ਦਫ਼ਤਰ ਫ਼ਰੀਦਕੋਟ ਵੀ ਹਾਜ਼ਰ ਸੀ।

ਫ਼ੋਟੋ:13ਐਫ਼ਡੀਕੇਪੀ2: ਸਰਕਾਰੀ ਕੰਨਿਆ ਸੀਨੀਅਰ ਸੈਕੰਡਰੀ ਸਕੂਲ ਫਰੀਦਕੋਟ ਵਿਖੇ ਕੁਸ਼ਤੀਆਂ ਦੇ ਮੁਕਾਬਲੇ ਦੌਰਾਨ ਮੈਚ ਸ਼ੁਰੂ ਕਰਵਾਉਂਦੇ ਹੋਏ ਜ਼ਿਲਾ ਸਿੱਖਿਆ ਅਫ਼ਸਰ ਸੈਕੰਡਰੀ ਨੀਲਮ ਰਾਣੀ, ਨਾਲ ਪ੍ਰਿੰਸੀਪਲ ਭੁਪਿੰਦਰ ਸਿੰਘ ਬਰਾੜ, ਕੋਚ ਖੁਸ਼ਵਿੰਦਰ ਸਿੰਘ, ਚੇਅਰਮੈਨ ਡਾ.ਸੁਰਿੰਦਰ ਸਿੰਘ ਅਤੇ ਹੋਰ।

## ਸ਼ਹੀਦ ਭਗਤ ਸਿੰਘ ਸਰਕਾਰੀ ਕਾਲਜ ਵਿੱਚ ਮਨਾਇਆ ਹਿੰਦੀ ਦਿਵਸ

ਵਰਲਡ ਪੰਜਾਬੀ ਟਾਈਮਜ਼
ਟਿੰਕੂ ਕੁਮਾਰ

ਕੋਟਕਪੂਰਾ, 14 ਸਤੰਬਰ : ਸਥਾਨਕ ਸ਼ਹੀਦ ਭਗਤ ਸਿੰਘ ਸਰਕਾਰੀ ਕਾਲਜ ਵਿਖੇ ਕਾਰਜਕਾਰੀ ਪ੍ਰਿੰਸੀਪਲ ਡਾ. ਹਰੀਸ਼ ਸ਼ਰਮਾ ਜੀ ਦੀ ਰਹਿਨੁਮਾਈ ਹੇਠ ਮੇਰਾ ਯੁਵਾ ਭਾਰਤ ਦੇ ਜਿਲਾ ਯੂਥ ਅਫ਼ਸਰ ਮਨੀਸ਼ਾ ਰਾਣੀ ਅਤੇ ਲੇਖਾ ਅਫਸਰ ਮਨਜੀਤ ਸਿੰਘ ਭੁੱਲਰ ਦੇ ਸਹਿਯੋਗ ਨਾਲ ਮਿਤੀ 13 ਸਤੰਬਰ ਤੋ 28 ਸਤੰਬਰ ਤੱਕ ਚੱਲ ਰਹੇ ਹਿੰਦੀ ਪਖਵਾੜਾ ਅਧੀਨ ਹਿੰਦੀ ਦਿਵਸ ਮਨਾਇਆ ਗਿਆ। ਇਸ ਪ੍ਰੋਗਰਾਮ ਵਿੱਚ ਵੱਖ-ਵੱਖ ਵਿਦਿਆਰਥੀਆਂ ਨੇ ਕਵਿਤਾ ਮੁਕਾਬਲਾ, ਅਤੇ ਪੋਸਟਰ ਮੇਕਿੰਗ ਮੁਕਾਬਲਿਆਂ ਵਿੱਚ ਵੱਧ ਚੜ ਕੇ ਹਿੱਸਾ ਲਿਆ। ਇਸ ਮੌਕੇ ਪ੍ਰੋਗਰਾਮ ਦਾ ਆਗਾਜ਼ ਕਰਦੇ ਹੋਏ ਪ੍ਰੋਡਾ. ਰਚਨਾ ਮੁਖੀ ਹਿੰਦੀ ਵਿਭਾਗ ਨੇ ਹਿੰਦੀ ਭਾਸ਼ਾ ਦੀ ਮਹੱਤਤਾ ਦੱਸਦੇ ਹੋਏ ਕਿਹਾ ਕਿ ਹਿੰਦੀ ਭਾਸ਼ਾ ਅਖੰਡਤਾ ਦਾ ਪ੍ਰਤੀਕ ਹੈ ਅਤੇ ਵੱਖ-ਵੱਖ ਪ੍ਰਾਤਾਂ ਨੂੰ ਇੱਕ ਮਾਲਾ ਵਿੱਚ ਜੋੜਨ ਲਈ ਧਾਗੇ ਦਾ ਕੰਮ ਕਰਦੀ ਹੈ। ਮੁੱਖ ਵਕਤਾ ਦੇ ਤੌਰ 'ਤੇ ਪਹੁੰਚੇ ਡਾ. ਨਿਰਮਲ ਕੌਸ਼ਿਕ ਨੇ ਹਿੰਦੀ ਭਾਸ਼ਾ ਦੇ ਮਹੱਤਵ ਨੂੰ ਦੱਸਦੇ ਹੋਏ ਉਸਦੀ ਸਰਲਤਾ, ਡੂੰਘਾਈ, ਗ੍ਰਹਿਣਤਾ ਉੱਪਰ ਆਪਣੇ ਵਿਚਾਰ ਪੇਸ਼ ਕੀਤੇ। ਇਸ ਉਪਰੰਤ ਮੇਰਾ ਯੁਵਾ ਭਾਰਤ ਵੱਲੋਂ ਲੇਖਾ ਅਫਸਰ ਮਨਜੀਤ ਸਿੰਘ ਭੁੱਲਰ ਵੱਲੋ ਵਿਦਿਆਰਥੀਆਂ ਨੂੰ ਹਿੰਦੀ ਭਾਸ਼ਾ ਪੜਨ, ਲਿਖਣ ਅਤੇ ਬੋਲਣ ਲਈ ਪ੍ਰੇਰਿਤ ਕੀਤਾ ਗਿਆ ਤਾਂ ਜੋ ਉਨਾਂ ਦਾ ਸਰਵਪੱਖੀ ਵਿਕਾਸ ਹੋ ਸਕੇ। ਹਿੰਦੀ ਦਿਵਸ ਦੇ ਸਬੰਧ ਵਿੱਚ ਵਿਦਿਆਰਥੀਆਂ ਵਿਚਕਾਰ ਹੋਏ ਕਵਿਤਾ ਮੁਕਾਬਲਿਆਂ ਵਿੱਚੋਂ ਬੀ.ਏ ਭਾਗ ਤੀਜਾ ਦੀਆਂ ਵਿਦਿਆਰਥਣਾ ਰਮਨਦੀਪ ਕੌਰ, ਜਸਮੀਤ ਕੌਰ ਅਤੇ ਅਮਨਪ੍ਰੀਤ ਕੌਰ ਨੇ ਕ੍ਰਮਵਾਰ ਪਹਿਲਾ, ਦੂਜਾ ਅਤੇ ਤੀਜਾ ਸਥਾਨ ਪ੍ਰਾਪਤ ਕੀਤਾ। ਪੋਸਟਰ ਮੇਕਿੰਗ ਮੁਕਬਲੇ ਵਿੱਚ ਬੀ.ਏ. ਭਾਗ ਤੀਜਾ ਦੀਆਂ ਵਿਦਿਆਰਥਣਾ ਰਮਨਪ੍ਰੀਤ ਕੌਰ ਨੇ ਪਹਿਲਾ ਅਤੇ ਸਿਮਰਨਜੀਤ ਕੌਰ ਨੇ ਦੂਜਾ ਸਥਾਨ ਪ੍ਰਾਪਤ ਕੀਤਾ। ਇਹਨਾਂ ਵਿਦਿਆਰਥਣਾਂ ਨੂੰ ਮੇਰਾ ਯੁਵਾ ਭਾਰਤ ਫ਼ਰੀਦਕੋਟ ਵੱਲੋਂ ਇਨਾਮ ਅਤੇ ਮੁਕਬਲਿਆਂ ਵਿੱਚ ਭਾਗ ਲੈਣ ਵਾਲੇ ਸਾਰੇ ਵਿਦਿਆਰਥੀਆਂ ਨੂੰ ਮੈਡਲ ਦੇ ਕੇ ਸਨਮਾਨਿਤ ਕੀਤਾ ਗਿਆ। ਪ੍ਰੋਗਰਾਮ ਦੇ ਅੰਤ ਵਿੱਚ ਕਾਲਜ ਕਾਰਜਕਾਰੀ ਪ੍ਰਿੰਸੀਪਲ ਡਾ. ਹਰੀਸ਼ ਸ਼ਰਮਾ ਦੁਆਰਾ ਮੇਰਾ ਯੁਵਾ ਭਾਰਤ ਤੋ ਆਏ ਮਹਿਮਾਨਾ ਦਾ ਵਿਸ਼ੇਸ਼ ਧੰਨਵਾਦ ਕੀਤਾ ਗਿਆ ਅਤੇ ਹਿੰਦੀ ਭਾਸ਼ਾ ਦੀ ਮਹੱਤਤਾ ਨੂੰ ਦੱਸਦੇ ਹੋਏ ਕਿਹਾ ਕਿ ਹਿੰਦੀ ਭਾਸ਼ਾ ਸਾਨੂੰ ਦੂਜੀਆਂ ਭਾਸ਼ਾਵਾਂ ਨਾਲ ਜੋੜਦੀ ਹੈ ਅਤੇ ਹਿੰਦੀ ਸਿਨੇਮਾ ਅੰਤਰਰਾਸ਼ਟਰੀ ਪੱਧਰ ਤੱਕ ਆਪਣੀਆਂ ਬੁਲੰਦੀਆਂ ਨੂੰ ਛੂ ਚੁੱਕਿਆ ਹੈ। ਇਸ ਮੌਕੇ ਪ੍ਰੋ. ਸਤਨਾਮ ਸਿੰਘ, ਪ੍ਰੋ. ਪਿੱਪਲ ਸਿੰਘ ਪ੍ਰੋ. ਅਮਨਦੀਪ ਕੌਰ, ਪ੍ਰੋ. ਵੀਨੂ ਰਾਣੀ, ਪ੍ਰੋ. ਹਰਨੀਤ ਕੌਰ, ਪ੍ਰੋ. ਡਾ. ਸਤਨਾਮ ਸਿੰਘ, ਡਾ. ਵਰਿੰਦਰ ਸਿੰਘ, ਡਾ. ਹਰਜਿੰਦਰਪਾਲ ਕੌਰ,ਪ੍ਰੋ. ਅਜੈ ਕੁਮਾਰ ਅਤੇ ਪ੍ਰੋ. ਗਰੀਸ਼ ਸ਼ਰਮਾ ਹਾਜਰ ਸਨ।

